http://www.gnduonline.com

**Exam. Code : 103201**
**Subject Code : 1013**

**B.A./B.Sc. I[st] Semester**

**PUNJABI ELECTIVE**

Time Allowed—3 Hours] [Maximum Marks—100

1. ਨਿਮਨਲਿਖਤ ਵਿੱਚੋਂ ਕਿਸੇ **ਦੋ** ਕਾਵਿ-ਟੋਟਿਆਂ ਦੀ ਪ੍ਰਸੰਗ-ਸਹਿਤ ਵਿਆਖਿਆ ਕਰੋ :

(ੳ) ਅੰਨ-ਦਾਤਾ!
ਮੈਂ ਚੰਮ ਦੀ ਗੁੱਡੀ, ਖੇਡ ਲੈ, ਖਿਡਾ ਲੈ
ਲਹੂ ਦਾ ਪਿਆਲਾ, ਪੀ ਲੈ, ਪਿਲਾ ਲੈ।
ਤੇਰੇ ਸਾਹਵੇਂ ਖੜੀ ਹਾਂ ਅਹਿ, ਵਰਤਣ ਦੀ ਸ਼ੈ, ਜਿਵੇਂ ਚਾਹੇਂ ਵਰਤ ਲੈ।
ਉੱਗੀ ਹਾਂ, ਪਿਸੀ ਹਾਂ, ਗੁੱਡੀ ਹਾਂ, ਵਿਲੀ ਹਾਂ
ਤੇ ਅਜ ਤੱਤੇ ਤਵੇ ਉੱਤੇ ਜਿਵੇਂ ਚਾਹੇ ਪਰਤ ਲੈ।

(ਅ) ਰੋਜ਼ ਉਸ ਦਾ ਹਾਰ ਟੁੱਟ ਜਾਇਆ ਕਰੇ,
ਮੁਸਕਰਾਂਦੀ ਆ ਕੇ ਬਣਵਾਇਆ ਕਰੇ।
ਮੇਰੇ ਪੁੱਛਣ 'ਤੇ ਕਿ ਟੁੱਟਾ ਕਿਸ ਤਰ੍ਹਾਂ ?
ਪਾ ਕੇ ਵਲ ਗਰਦਨ ਨੂੰ ਸ਼ਰਮਾਇਆ ਕਰੇ।
ਮੇਰੇ ਸਿਰ ਦਿਆ ਸਾਇਆ ਕਰੇ ਖੁਸ਼ਬੂ ਦੀ ਸ਼ਾਖ,
ਉਹ, ਜੋ ਉਸ ਦੇ ਮੂੰਹ ਤੇ ਲਹਿਰਾਇਆ ਕਰੇ।

(ੲ) ਤੱਕ ਲੈ ਮਹਿਕਦੀਆਂ ਗੁਲਜ਼ਾਰਾਂ
ਮਾਣ ਲੈ ਕੁਝ ਚਿਰ ਮੌਜ਼ ਬਹਾਰਾਂ
ਜਾਂਦਾ ਪੱਲੇ ਬੰਨ੍ਹ ਲੈ ਜਾਵੀਂ
ਫੁੱਲਾਂ ਦੀ ਖੁਸ਼ਬੋ
ਦੋ ਪਲ ਹੋਰ ਖਲੋ।
ਪੂੰਝ ਦਿਆ ਤੇਰੇ ਮੱਥੇ ਉੱਤੋਂ
ਮੁੜ੍ਹਕਾ ਰਿਹਾ ਏ ਚੋ
ਦੋ ਪਲ ਹੋਰ ਖਲੋ।


http://www.gnduonline.com

http://www.gnduonline.com

(ਸ) ਮੇਰਾ ਕੱਜਣ ਮੈਨੂੰ ਦੇ ਦੇ
ਬਹੁਤ ਚਿਰ ਤੋਂ ਤੇਰੀ ਪੋਸ਼ਾਕ ਨੇ
ਮੈਨੂੰ ਹੰਢਾਇਆ ਏ
ਮੇਰੀ ਕਾਇਆ ਦੀ ਮਿੱਟੀ ਮੁਸ਼ਕ ਚੱਲੀ ਏ
ਪਰਾਏ ਪਰਦਿਆਂ ਅੰਦਰ
ਮੈਨੂੰ ਸੁਹੰਢਣ ਆਪਣਾ ਦੇ ਦੇ
ਪਹਿਲ ਵਾਰੀ ਪਹਿਣ ਕੇ ਜੋ
ਤੇਰੀ ਦੁਨੀਆਂ 'ਚ ਆਇਆ ਸ 20

2. ਕਿਸੇ **ਇੱਕ** ਕਵਿਤਾ ਦਾ ਵਿਸ਼ਾ-ਵਸਤੂ ਵਰਣਨ ਕਰੋ :

(ੳ) ਕੇਵਲ ਸ਼ਰਧਾਂਜਲੀ

(ਅ) ਜਟੀਆਂ ਦਾ ਗੀਤ

**ਜਾਂ**

ਸ਼ਿਵ ਕੁਮਾਰ ਦੇ ਜੀਵਨ ਅਤੇ ਉਸਦੇ ਪੰਜਾਬੀ ਕਾਵਿ ਜਗਤ ਲਈ ਯੋਗਦਾਨ ਬਾਰੇ ਜਾਣਕਾਰੀ ਦਿਓ। 10

3. ਨਿਮਨਲਿਖਤ **ਪੰਜ** ਮਲਟੀਪਲ ਪ੍ਰਸ਼ਨਾਂ ਦੇ ਸਹੀ ਉੱਤਰ ਦਿਓ :

(1) 'ਜਵਾਨ ਪੰਜਾਬ ਦੇ' ਕਵਿਤਾ ਦਾ ਵਿਸ਼ਾ ਕੀ ਹੈ ?
(ੳ) ਪੰਜਾਬੀ ਨੌਜਵਾਨਾਂ ਦਾ ਬੇਪਰਵਾਹ ਤੇ ਅਲਬੇਲਾ ਸੁਭਾਅ
(ਅ) ਪੰਜਾਬੀ ਨੌਜਵਾਨਾਂ ਦੀ ਡੀਲ-ਡੌਲ
(ੲ) ਪੰਜਾਬ ਦਾ ਰਹਿਣ-ਸਹਿਣ
(ਸ) ਪੰਜਾਬ ਦੇ ਲੋਕ

(2) 'ਜਾਇਦਾਦ' ਕਵਿਤਾ ਵਿੱਚ ਕਵੀ ਜਾਇਦਾਦ ਕਿਸਨੂੰ ਆਖਦਾ ਹੈ ?
(ੳ) ਸੋਨੇ ਨੂੰ (ਅ) ਜ਼ਮੀਨ ਨੂੰ
(ੲ) ਮਕਾਨ ਨੂੰ (ਸ) ਇਸਤਰੀ ਨੂੰ


http://www.gnduonline.com

(3) 'ਆਖਾਂ ਵਾਰਿਸ ਸ਼ਾਹ ਨੂੰ' ਵਿੱਚ ਕਿਸ ਇਤਿਹਾਸਕ ਦੁਖਾਂਤ ਨੂੰ ਆਧਾਰ ਬਣਾਇਆ ਗਿਆ ਹੈ ?

(ੳ) ਸੰਨ 1984 ਦਾ ਕਤਲੇਆਮ

(ਅ) ਸਾਕਾ ਨੀਲਾ ਤਾਰਾ

(ੲ) ਭਾਰਤ-ਪਾਕਿ ਵੰਡ

(ਸ) 1962 ਦਾ ਭਾਰਤ-ਚੀਨ ਯੁੱਧ

(4) 'ਮਰਸੀਆ' ਕੀ ਹੁੰਦਾ ਹੈ ?

(ੳ) ਕਿਸੇ ਦੀ ਮੌਤ ਸੰਬੰਧੀ ਲਿਖੀ ਕਵਿਤਾ

(ਅ) ਹਾਸ-ਰਸੀ ਕਵਿਤਾ

(ੲ) ਪ੍ਰੇਮ ਦੀ ਕਵਿਤਾ

(ਸ) ਸੰਗੀਤਾਤਮਕ

(5) 'ਲੋਹ ਕਥਾ' ਕਿਸ ਕਵੀ ਦੀ ਰਚਨਾ ਹੈ ?

(ੳ) ਪ੍ਰੋ. ਮੋਹਨ ਸਿੰਘ (ਅ) ਜਗਤਾਰ

(ੲ) ਪਾਸ਼ (ਸ) ਸੁਰਜੀਤ ਪਾਤਰ 10

4. ਨਾਵਲ 'ਸਿਮਟਦਾ ਆਕਾਸ' ਵਿੱਚ ਪੰਜਾਬ ਦੀ ਨਕਸਲਵਾੜੀ ਲਹਿਰ ਨਾਲ ਸੰਬੰਧਤ ਹੈ। ਇਸ ਅਧਾਰਿਤ ਨਾਵਲ ਦੇ ਵਿਸ਼ੇ-ਵਸਤੂ ਸਬੰਧੀ ਚਰਚਾ ਕਰੋ।

**ਜਾਂ**

ਹੇਠ ਲਿਖੇ **ਦੋ** ਪਾਤਰਾਂ ਵਿੱਚੋਂ ਕਿਸੇ **ਇੱਕ** ਦਾ ਪਾਤਰ ਚਿਤਰਨ ਪੇਸ਼ ਕਰੋ :

ਸਰਦਾਰਾ ਸਿੰਘ **ਜਾਂ** ਮਨਜੀਤ। 20

5. ਕਿਸੇ **ਇੱਕ** ਇਕਾਂਗੀ ਦਾ ਵਿਸ਼ਾ-ਵਸਤੂ ਬਿਆਨ ਕਰੋ :

(1) ਦੂਜਾ ਵਿਆਹ (2) ਅੱਖ ਅੱਗੇ ਕੱਖ

**ਜਾਂ**

ਡਾ. ਹਰਚਰਨ ਸਿੰਘ ਦੀ ਪੰਜਾਬੀ ਇਕਾਂਗੀ ਨੂੰ ਦੇਣ ਉਪਰ ਵਿਸਥਾਰ ਵਿੱਚ ਚਰਚਾ ਕਰੋ। 20



http://www.gnduonline.com

6. ਨਿਮਨਲਿਖਤ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ :

(1) ਈਸ਼ਵਰ ਚੰਦਰ ਨੰਦਾ ਨੇ ਕਿਹੜੀਆਂ-ਕਿਹੜੀਆਂ ਸਮਾਜਕ ਕੁਰੀਤੀਆਂ ਨੂੰ ਨਾਟਕੀ ਰਚਨਾਵਾਂ ਵਿੱਚ ਪੇਸ਼ ਕੀਤਾ ਹੈ ?

(2) ਸੰਤ ਸਿੰਘ ਸੇਖੋਂ ਦੇ ਕਿਸ ਨਾਟਕ ਨੂੰ ਸਾਹਿਤ ਅਕਾਦਮੀ ਪੁਰਸਕਾਰ ਪ੍ਰਾਪਤ ਹੋਇਆ ਹੈ ?

(3) ਅਜਮੇਰ ਸਿੰਘ ਔਲਖ ਨੇ ਇਕਾਂਗੀ 'ਬ੍ਰਹਮ ਭੋਜ' ਵਿੱਚ ਸੱਚੀ ਕਿਰਤ ਤੇ ਕਿਰਤੀ ਦੇ ਸੰਕਲਪ ਨੂੰ ਕਿਵੇਂ ਪੇਸ਼ ਕੀਤਾ ਹੈ ?

(4) ਇਕਾਂਗੀ 'ਕੁੱਤਾ ਤੇ ਮਨੁੱਖ' ਵਿੱਚ ਇਕਾਂਗੀਕਾਰ ਕਿਉਂ ਮਨੁੱਖ ਨੂੰ ਪਸ਼ੂ ਤੋਂ ਵੀ ਘਟਿਆ ਆਖਦਾ ਹੈ ?

(5) ਡਾਕਟਰ ਅਮਰੀਕ ਸਿੰਘ ਦੇ ਦੋ ਅਨੁਵਾਦਿਤ ਨਾਟਕਾਂ ਦੇ ਨਾਮ ਲਿਖੋ। http://www.gnduonline.com

(6) ਪੰਜਾਬ ਵਿੱਚ ਨਕਸਲਵਾੜੀ ਲਹਿਰ ਕਿਉਂ ਉਤਪੰਨ ਹੋਈ ?

(7) ਨਕਸਲਵਾੜੀ ਲਹਿਰ ਸਮੇਂ ਜੰਗੀਰਦਾਰਾਂ ਦਾ ਸਫਾਇਆ ਕਰਨ ਦੀ ਰਣ-ਨੀਤੀ ਕਿਉਂ ਬਣਾਈ ਜਾਂਦੀ ਸੀ ?

(8) ਨਾਵਲ 'ਸਿਮਟਦਾ ਆਕਾਸ' ਦੇ ਪਾਤਰ ਬਚਨ ਸਿੰਘ ਨੂੰ ਸਜ਼ਾ ਕਿਉਂ ਹੁੰਦੀ ਹੈ ਅਤੇ ਉਹ ਕਿੰਨੀ ਸਜ਼ਾ ਭੁਗਤ ਕੇ ਬਾਹਰ ਆ ਜਾਂਦਾ ਹੈ ?

(9) ਨਾਵਲ 'ਸਿਮਟਦਾ ਆਕਾਸ' ਵਿੱਚ ਜਸਪਾਲ ਆਪਣੀ ਕੁੜੀ ਦੇ ਵਿਆਹ ਸਮੇਂ ਪਾਰਟੀ ਨੂੰ ਕਿੰਨਾਂ ਫੰਡ ਦੇਣਾ ਚਾਹੁੰਦਾ ਹੈ ? ਉਸਦੀ ਪਤਨੀ ਮਨਜੀਤ ਇਸ ਫੰਡ ਵਿੱਚ ਕਿੰਨਾ ਵਾਧਾ ਕਰਨਾ ਚਾਹੁੰਦੀ ਹੈ ਅਤੇ ਕਿਉਂ ?

(10) ਨਾਵਲ 'ਸਿਮਟਦਾ ਆਕਾਸ' ਵਿੱਚ ਆਸ਼ਾ ਵੀ ਹੈ ਤੇ ਨਿਰਾਸ਼ਾ ਵੀ ਹੈ, ਇਸ ਬਾਰੇ ਸੰਖੇਪ ਚਰਚਾ ਕਰੋ। 20